
ਇਹ ਚਿੱਤਰ ਕਾਲਪਨਿਕ ਹੈ ਅਤੇ
ਕੇਵਲ ਉਦਾਹਰਨ ਮੰਤਵਾਂ ਲਈ ਹੈ।

BRITISH COLUMBIA

Highway 99 Tunnel Program




# Fraser River ਸੁਰੰਗ ਪ੍ਰੋਜੈਕਟ ਬਾਰੇ ਸੰਖੇਪ ਜਾਣਕਾਰੀ

ਪ੍ਰਸਤਾਵਿਤ Fraser River ਟਨਲ ਪ੍ਰੋਜੈਕਟ ਵਿੱਚ ਨਵੀਂ, **ਟੋਲ-ਫ਼੍ਰੀ ਅੱਠ-ਲੇਨਾਂ ਵਾਲੀ ਪਾਣੀ ਅੰਦਰ ਟਿਊਬ ਸੁਰੰਗ** ਦਾ ਨਿਰਮਾਣ ਸ਼ਾਮਲ ਹੈ ਜੋ Highway 99 ਉੱਪਰ ਮੌਜੂਦਾ George Massey Tunnel ਨੂੰ ਬਦਲੀ ਕਰੇਗੀ। ਮੈਟਰੋ ਵੈਨਕੂਵਰ ਵੱਲੋਂ ਸਮਰਥਿਤ ਇਹ ਨਵੀਂ ਸੁਰੰਗ ਵਿੱਚ ਦੋਵੇਂ ਦਿਸ਼ਾਵਾਂ ਵਿੱਚ ਤਿੰਨ ਵਾਹਨ ਲੇਨਾਂ ਅਤੇ ਇੱਕ ਬੱਸਾਂ (ਟਰਾਂਜਿਟ) ਲਈ ਖ਼ਾਸ ਲੇਨ ਹੋਵੇਗੀ। ਇਸ ਵਿੱਚ ਸਾਈਕਲ ਚਾਲਕਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਇੱਕ ਵੱਖਰਾ ਕਿਰਿਆਸ਼ੀਲ ਆਵਾਜਾਈ ਲਾਂਘਾ ਵੀ ਹੋਏਗਾ।

**ਪ੍ਰੋਜੈਕਟ ਵਿੱਚ ਇਹ ਵੀ ਸ਼ਾਮਲ ਹਨ:**

- ਡੀਐਸ ਸਲ੍ਹੋ ਪੁਲ ਦੀ ਬਦਲੀ
- ਜਦੋਂ ਪਾਣੀ ਅੰਦਰਲੀ ਨਵੀਂ ਟਿਊਬ ਸੁਰੰਗ ਚਾਲੂ ਹੋ ਗਈ ਤਾਂ ਮੌਜੂਦਾ ਸੁਰੰਗ ਨੂੰ ਹਟਾ ਦੇਣਾ


## ਲਾਗਤ

ਪ੍ਰਸਤਾਵਤ Fraser River ਸੁਰੰਗ ਪ੍ਰੋਜੈਕਟ ਦੀ ਅਨੁਮਾਨਤ ਲਾਗਤ $4.15 ਬਿਲੀਅਨ ਹੈ।

## ਸਮਾਂਸੂਚੀ

ਨਵੀਂ ਸੁਰੰਗ 2030 ਵਿੱਚ ਚਾਲੂ ਹੋਣ ਦੀ ਆਸ ਕੀਤੀ ਜਾਂਦੀ ਹੈ, ਅਤੇ ਮੌਜੂਦਾ ਸੁਰੰਗ 2032 ਤੀਕ ਬੰਦ ਕਰ ਦਿੱਤੀ ਜਾਵੇਗੀ।

**ਪ੍ਰੋਜੈਕਟ ਬਾਰੇ ਹੋਰ ਜਾਣੋ**
engage.gov.bc.ca/fraserrivertunnel




# ਲਾਂਘੇ ਵਿੱਚ ਕੀਤੇ ਜਾਣ ਵਾਲੇ ਸੁਧਾਰਾਂ ਬਾਰੇ ਸੰਖੇਪ ਜਾਣਕਾਰੀ

**ਲਾਂਘੇ ਵਿੱਚ ਸੁਧਾਰ ਟ੍ਰੈਫ਼ਿਕ ਦੇ ਭੀੜ-ਭੜੱਕੇ ਨੂੰ ਘਟਾਉਣ** ਅਤੇ **ਪਾਣੀ ਦੇ ਅੰਦਰ ਨਵੀਂ ਸੁਰੰਗ ਦੇ ਨਿਰਮਾਣ ਤੋਂ ਪਹਿਲਾਂ** ਆਵਾਜਾਈ ਅਤੇ ਸਾਈਕਲ ਚਲਾਉਣ ਦੇ ਇਖ਼ਤਿਆਰਾਂ ਨੂੰ ਧਿਆਨ ਵਿੱਚ ਰੱਖ ਕੇ ਵਿਉਂਤੇ ਗਏ ਹਨ।

**Steveston ਇੰਟਰਚੇਂਜ ਪ੍ਰੋਜੈਕਟ** – Steveston ਹਾਈਵੇਅ ਅਤੇ Highway 99 'ਤੇ ਮੌਜੂਦਾ ਦੋ-ਲੇਨ ਇੰਟਰਚੇਂਜ ਨੂੰ ਇੱਕ ਨਵੇਂ ਪੰਜ-ਲੇਨ ਇੰਟਰਚੇਂਜ ਨਾਲ ਬਦਲੋ। ਨਵੇਂ ਇੰਟਰਚੇਂਜ ਵਿੱਚ ਹੋਰ ਵਾਹਨ ਲੇਨ ਹੋਣਗੇ, ਆਵਾਜਾਈ ਦੇ ਸੰਚਾਲਨ ਵਿੱਚ ਸੁਧਾਰ ਹੋਵੇਗਾ, ਅਤੇ ਪਹਿਲੀ ਵਾਰ ਢਾਂਚੇ ਦੇ ਦੋਵੇਂ ਪਾਸੇ ਫੁੱਟਪਾਥ ਅਤੇ ਵੱਖਰੇ ਸਾਈਕਲਿੰਗ ਮਾਰਗ ਸ਼ਾਮਲ ਹੋਣਗੇ।

**Bridgeport Road ਬੱਸ ਕੁਨੈਕਸ਼ਨ** – ਸੀ ਆਇਲੈਂਡ ਵੇ ਤੋਂ Bridgeport Road ਨੂੰ ਦੱਖਣ ਦਿਸ਼ਾ ਵੱਲ ਨੂੰ ਜਾਂਦੀਆਂ ਬੱਸ ਸਵਾਵਾਂ ਦਾ ਰਸਤਾ ਬਦਲਣਾ, ਦੱਖਣ ਦਿਸ਼ਾ ਵੱਲ ਹਾਈਵੇ 99 ਨੂੰ ਕੇਵਲ ਬੱਸ ਆਵਾਜਾਈ ਮੁਹੱਈਆ ਕਰਵਾ ਕੇ ਅਤੇ ਸਾਈਕਲ ਚਾਲਕਾਂ ਅਤੇ ਪੈਦਲ ਚਾਲਕਾਂ ਲਈ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨਾ।

**Highway 99 ਅਤੇ 17A ਦਾ ਆਫ਼-ਰੈਂਪ ਚੌੜ੍ਹਾ ਕਰਨਾ** – Highway 99 ਤੋਂ ਹਾਈਵੇ 17A ਦੇ ਇੰਟਰਸੈਕਸ਼ਨ ਨੂੰ ਪਹੁੰਚ ਕਰਨ ਲਈ ਆਫ਼- ਰੈਂਪ ਨੂੰ ਵਧਾਉਣਾ ਅਤੇ ਚੌੜ੍ਹਾ ਕਰਨਾ।

**Highway 99 ਦੇ ਨਾਲ-ਨਾਲ ਬੱਸਾਂ ਲਈ ਲੇਨਾਂ**– ਪਾਣੀ ਅੰਦਰਲੀ ਨਵੀਂ ਟਿਊਬ ਸੁਰੰਗ ਰਾਹੀਂ ਖ਼ਾਸ ਤੌਰ 'ਤੇ ਬੱਸਾਂ ਲਈ ਰਾਖਵੀਆਂ ਲੇਨਾਂ ਨਾਲ ਜੋੜਨ ਲਈ ਹਾਈਵੇ 17A ਦੇ ਨਾਲ-ਨਾਲ ਦੋਵੇਂ ਪਾਸੇ ਬੱਸਾਂ ਲਈ ਲੇਨਾਂ ਨੂੰ ਵਧਾਉਣਾ।

## ਲਾਗਤ

ਲਾਂਘੇ ਦੇ ਸੁਧਾਰਾਂ ਦੀ ਅਨੁਮਾਨਤ ਲਾਗਤ $137 ਮਿਲੀਅਨ ਹੈ।

## ਸਮਾਂਸੂਚੀ

ਲਾਂਘੇ ਵਿੱਚ ਸੁਧਾਰ ਚੱਲ ਰਹੇ ਹਨ ਅਤੇ 2025 ਤੀਕ ਮੁਕੰਮਲ ਹੋ ਜਾਣ ਦੀ ਆਸ ਕੀਤੀ ਜਾਂਦੀ ਹੈ।


# Highway 99 ਸੁਰੰਗ ਪ੍ਰੋਗਰਾਮ

ਅਸੀਂ ਰਿਚਮੰਡ ਅਤੇ ਡੈਲਟਾ ਵਿੱਚ Highway 99 ਵਿੱਚ ਸੁਧਾਰ ਕਰੇਗਾ, ਤਾਂ ਜੋ **ਹਰ ਇੱਕ ਲਈ ਬਿਹਤਰ ਚੋਣਾਂ** ਪਰਦਾਨ ਕਰ ਸਕੀਏ—ਭਾਵੇਂ ਤੁਸੀ ਪੈਦਲ ਚੱਲਦੇ, ਸਾਈਕਲ ਚਲਾਉਂਦੇ, ਬੱਸ ਵਿੱਚ ਸਫ਼ਰ ਕਰਦੇ ਜਾਂ ਡਰਾਈਵ ਕਰਦੇ ਹੋ। ਰੀਜਨ (ਖੇਤਰ) ਦੀ ਇਮਦਾਦ ਨਾਲ, ਅਸੀਂ ਭਾਈਚਾਰਿਆਂ ਲਈ ਵਧੇਰੇ ਭਰੋਸੇਯੋਗ ਆਵਾਜਾਈ ਪ੍ਰਦਾਨ ਕਰ ਰਹੇ ਹਾਂ।

Highway 99 ਟਨਲ ਪ੍ਰੋਗਰਾਮ ਪੁਰਾਣੀ George Massey Tunnel ਨੂੰ ਟੋਲ-ਫ੍ਰੀ, ਅੱਠ-ਲੇਨ ਵਾਲੀ ਪਾਣੀ ਅੰਦਰ ਟਿਊਬ ਸੁਰੰਗ ਨਾਲ ਬਦਲੀ ਕਰੇਗਾ। ਇਸ ਪ੍ਰੋਗਰਾਮ ਵਿੱਚ Bridgeport Road ਅਤੇ ਹਾਈਵੇਅ 17 ਵਿਚਕਾਰ ਟ੍ਰੈਫਿਕ, ਆਵਾਜਾਈ ਅਤੇ ਸਰਗਰਮ ਆਵਾਜਾਈ ਲਈ ਸੁਧਾਰ ਵੀ ਸ਼ਾਮਲ ਹੋਣਗੇ।

ਸਾਰੇ ਯਾਤਰੀਆਂ ਲਈ ਗਲਿਆਰੇ ਦੇ ਨਾਲ ਯਾਤਰਾ ਨੂੰ ਬਿਹਤਰ ਬਣਾਉਣ ਲਈ ਇਹ ਸੂਬਾ ਅਗਲੇ ਕਈ ਸਾਲਾਂ ਵਿੱਚ ਪੰਜ ਪ੍ਰੋਜੈਕਟ ਪ੍ਰਦਾਨ ਕਰੇਗਾ। ਖੇਤਰੀ ਪ੍ਰਾਥਮਿਕਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਨ੍ਹਾਂ ਪ੍ਰੋਜੈਕਟਾਂ ਵਿੱਚ ਆਵਾਜਾਈ ਵਿੱਚ ਸੁਧਾਰ ਅਤੇ ਸਾਈਕਲ ਚਾਲਕਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਸੜਕ ਪਾਰ ਕਰਨ ਲਈ ਪਹਿਲਾ ਵੱਖਰਾ ਕਾਰਜਸ਼ੀਲ ਆਵਾਜਾਈ ਦਾ ਲਾਂਘਾ ਸ਼ਾਮਲ ਹੋਵੇਗਾ।

## ਪ੍ਰੋਗਰਾਮ ਡਿਲੀਵਰੀ










# ਪ੍ਰੋਗਰਾਮ ਦੇ ਲਾਭ

## ਖੇਤਰੀ ਅਲਾਈਨਮੈਂਟ

ਇਹ ਮੁੱਖ ਆਵਾਜਾਈ ਕੋਰੀਡੋਰ ਮੈਟਰੋ ਵੈਨਕੂਵਰ ਦੇ ਦ੍ਰਿਸ਼ਟੀਕੋਣ ਨਾਲ ਇਕਸਾਰ ਹੈ। ਨਵੀਂ ਸੁਰੰਗ ਅਤੇ ਲਾਂਘੇ ਦੇ ਸੁਧਾਰ ਲੋਕਾਂ, ਸਾਮਾਨ ਅਤੇ ਸੇਵਾਵਾਂ ਦੀ ਕੁਸ਼ਲਤਾ ਪੂਰਬਕ ਆਵਾਜਾਈ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਵਿਉਂਤੇ ਗਏ ਹਨ।

## ਸੁਰੱਖਿਆ

ਨਵੀਂ ਸੁਰੰਗ ਭੁਚਾਲ ਸੰਬੰਧੀ ਆਧੁਨਿਕ ਮਿਆਰਾਂ 'ਤੇ ਪੂਰੀ ਉਤਰੇਗੀ ਅਤੇ ਆਧੁਨਿਕ ਰੂਪਰੇਖਾ ਦੇ ਮਿਆਰਾਂ ਅਨੁਸਾਰ ਬਣਾਈ ਜਾਵੇਗੀ। ਇਹ ਪੈਦਲ ਚੱਲਣ ਵਾਲਿਆਂ, ਸਾਈਕਲ ਚਾਲਕਾਂ ਅਤੇ ਆਵਜਾਈ ਦੇ ਦੂਸਰੇ ਕਾਰਜਸ਼ੀਲ ਸਾਧਨਾਂ ਲਈ ਸੁਰੱਖਿਅਤ ਚੋਣਾਂ ਵੀ ਪਰਦਾਨ ਕਰੇਗੀ।

## ਆਵਾਜਾਈ

ਇਹ ਪ੍ਰੋਗਰਾਮ ਤੇਜ਼ ਅਤੇ ਕੇਵਲ ਬੱਸਾਂ ਲਈ ਰਾਖਵੀਆਂ ਲੇਨਾਂ ਨਾਲ ਤੇਜ਼ ਅਤੇ ਥੋੜ੍ਹੇ-ਥੋੜ੍ਹੇ ਸਮੇਂ ਬਾਦ ਚੱਲਣ ਵਾਲੀ ਰੈਪਿਡ ਬੱਸ ਟਰਾਂਜ਼ਿਟ ਸੇਵਾ ਰਾਹੀਂ ਆਵਾਜਾਈ ਨੂੰ ਤੇਜ਼, ਸੁਰੱਖਿਅਤ ਅਤੇ ਵਧੇਰੇ ਭਰੋਸੇਯੋਗ ਬਣਾਵੇਗਾ।

## ਭਰੋਸੇਯੋਗਤਾ

ਨਵੀਂ ਸੁਰੰਗ ਅਤੇ ਲਾਂਘੇ ਵਿੱਚ ਸੁਧਾਰ ਮਾਲ ਅਤੇ ਸੇਵਾਵਾਂ ਦੀ ਢੋਆ-ਢੁਆਈ ਦੀ ਵਧੇਰੇ ਸਮਰੱਥਾ ਅਤੇ ਵਧੇਰੇ ਭਰੋਸੇਯੋਗਤਾ ਮੁਹੱਈਆ ਕਰਵਾਏਗੀ ਜਿਸ ਨਾਲ ਕਾਰੋਬਾਰ, ਆਰਥਿਕ ਤਰੱਕੀ ਅਤੇ ਉਤਪਾਦਤਾ ਵਿੱਚ ਵਾਧਾ ਹੋਵੇਗ.

## ਸਰਗਰਮ ਆਵਾਜਾਈ

ਪ੍ਰੋਗਰਾਮ ਸੂਬੇ ਦੀ *CleanBC* ਯੋਜਨਾ ਦੇ ਨਾਲ-ਨਾਲ ਆਵਾਜਾਈ ਅਤੇ ਬੁਨਿਆਦੀ ਢਾਂਚੇ ਦੇ ਮੰਤਰਾਲੇ ਦੇ *ਮੂਵ ਨਾਲ ਇਕਸਾਰ ਹੈ। ਆਓ-ਜਾਓ। ਕਨੈਕਟ ਕਰੋ: BC ਦੀ ਸਰਗਰਮ ਆਵਾਜਾਈ ਰਣਨੀਤੀ।* ਪਾਣੀ ਅੰਦਰ ਬਣਾਈ ਜਾਣ ਵਾਲੀ ਨਵੀਂ ਸੁਰੰਗ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਚਾਲਕਾਂ ਨੂੰ ਹਾਈਵੇ 99 ਉੱਪਰ ਫ਼ਰੇਜ਼ਰ ਦਰਿਆ ਪਾਰ ਕਰਨ ਲਈ ਕਿਰਿਆਸ਼ੀਲ ਆਵਾਜਾਈ ਲਈ ਸਮਰਪਤ ਸੰਪਰਕ ਮੁਹੱਈਆ ਕਰੇਗੀ।

## ਮਹੱਤਵਪੂਰਨ ਵਪਾਰ ਕੋਰੀਡੋਰ

ਮੈਟਰੋ ਵੈਨਕੂਵਰ ਖੇਤਰ ਕੈਨੇਡਾ ਦੇ ਪੱਛਮੀ ਤੱਟ ਉੱਪਰ ਖੇਤਰ ਦੀ ਅੰਤਰਰਾਸ਼ਟਰੀ ਬੰਦਰਗਾਹ ਅਤੇ ਹਵਾਈ ਅੱਡੇ ਦੀਆਂ ਸਹੂਲਤਾਂ ਸਮੇਤ ਕੈਨੇਡਾ ਨੂੰ ਏਸ਼ੀਆ-ਪੈਸਿਫ਼ਿਕ ਵਪਾਰਕ ਹਿੱਸੇਦਾਰਾਂ ਅਤੇ ਸੰਯੁਕਤ ਰਾਜ ਅਮਰੀਕਾ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। Highway 99 ਕੋਰੀਡੋਰ ਇਸ ਆਵਾਜਾਈ ਨੈੱਟਵਰਕ ਦਾ ਮੁੱਖ ਹਿੱਸਾ ਹੈ।

## ਭਾਈਚਾਰਕ ਲਾਭ

ਇਹ ਪ੍ਰੋਗਰਾਮ ਸਥਾਨਕ ਨਿਵਾਸੀਆਂ ਅਤੇ ਕਾਰੋਬਾਰਾਂ ਲਈ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਦੇ ਹੋਏ, ਭਾਈਚਾਰਕ ਲਾਭਾਂ ਦੀ ਇੱਕ ਸ਼੍ਰੇਣੀ ਪ੍ਰਦਾਨ ਕਰੇਗਾ। ਇਹ ਸਿਖਿਆਰਥੀ ਅਤੇ ਹੁਨਰ ਸਿਖਲਾਈ ਮੌਕਿਆਂ ਰਾਹੀਂ ਹੁਨਰਮੰਦ ਮਜ਼ਦੂਰ ਕਾਮਿਆਂ ਦੀ ਇਮਦਾਦ ਕਰੇਗਾ, ਸਮੇਤ ਮੂਲ ਨਿਵਾਸੀਆਂ, ਔਰਤਾਂ ਲਈ ਗ਼ੈਰ-ਰਵਾਇਤੀ ਕੰਮਾਂ ਵਿੱਚ ਅਤੇ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਲਈ ਰੁਜ਼ਗਾਰ ਵਿਵਸਥਾ ਦੇ ਮੌਕੇ ਸ਼ਾਮਲ ਕਰ ਕੇ।










ਇਹ ਚਿੱਤਰ ਕਾਲਪਨਿਕ ਹੈ ਅਤੇ
ਕੇਵਲ ਉਦਾਹਰਨ ਮੰਤਵਾਂ ਲਈ ਹੈ।

## ਰਵਾਇਤੀ ਖੇਤਰਾਂ ਦੀ ਮਾਨਤਾ

ਬੀਸੀ ਪ੍ਰਾਂਤ ਇਹ ਸਵੀਕਾਰ ਕਰਦਾ ਹੈ ਕਿ Highway 99 ਸੁਰੰਗ ਪ੍ਰੋਗਰਾਮ ਤੱਟੀ ਸੈਲਿਸ਼ ਰਵਾਈਤੀ ਜ਼ਮੀਨ ਉੱਪਰ ਸਥਿਤ ਹੈ।

**Highway 99 Tunnel Program**

## highway99tunnel.ca

### highway99tunnelprogram@gov.bc.ca

April 2022 - Punjabi